22140628

International Baccalaureate®
Baccalauréat International
Bachillerato Internacional

**PUNJABI A: LITERATURE – STANDARD LEVEL – PAPER 2**
**PANJABI A : LITTÉRATURE – NIVEAU MOYEN – ÉPREUVE 2**
**PUNJABI A: LITERATURA – NIVEL MEDIO – PRUEBA 2**

Monday 12 May 2014 (afternoon)
Lundi 12 mai 2014 (après-midi)
Lunes 12 de mayo de 2014 (tarde)

1 hour 30 minutes / 1 heure 30 minutes / 1 hora 30 minutos

---

INSTRUCTIONS TO CANDIDATES

- Do not open this examination paper until instructed to do so.
- Answer one essay question only. You must base your answer on at least two of the Part 3 works you have studied and compare and contrast these works in response to the question. Answers which are not based on a discussion of at least two Part 3 works will not score high marks.
- You are not permitted to bring copies of the works you have studied into the examination room.
- The maximum mark for this examination paper is *[25 marks]*.

INSTRUCTIONS DESTINÉES AUX CANDIDATS

- N'ouvrez pas cette épreuve avant d'y être autorisé(e).
- Traitez un seul sujet de composition. En basant votre réponse sur au moins deux des œuvres de la troisième partie que vous avez étudiées, vous devez comparer et opposer ces œuvres dans le cadre du sujet. Les réponses qui ne sont pas basées sur au moins deux des œuvres de la troisième partie n'obtiendront pas une note élevée.
- Vous n'êtes pas autorisé(e) à apporter des exemplaires des œuvres que vous avez étudiées dans la salle d'examen.
- Le nombre maximum de points pour cette épreuve d'examen est *[25 points]*.

INSTRUCCIONES PARA LOS ALUMNOS

- No abra esta prueba hasta que se lo autoricen.
- Conteste una sola pregunta de redacción. Base su respuesta en al menos dos de las obras estudiadas de la Parte 3, comparándolas y contrastándolas en relación con la pregunta. Las respuestas que no se basen en al menos dos obras de la Parte 3 no recibirán una puntuación alta.
- No está permitido traer copias de las obras estudiadas a la sala de examen.
- La puntuación máxima para esta prueba de examen es *[25 puntos]*.


© International Baccalaureate Organization 2014

*ਲੇਖ ਲਿਖਣ ਲਈ ਸਿਰਫ **ਇੱਕ** ਪ੍ਰਸ਼ਨ ਦਾ ਉੱਤਰ ਦਿਓ । ਤੁਹਾਡਾ ਉੱਤਰ ਭਾਗ 3 ਵਿੱਚ ਪੜ੍ਹੀਆਂ ਹੋਈਆਂ **ਘੱਟ ਤੋਂ ਘੱਟ ਦੋ ਰਚਨਾਂਵਾਂ** ਤੇ ਆਧਾਰਿਤ ਹੋਣਾ ਚਾਹੀਦਾ ਹੈ ਅਤੇ ਪ੍ਰਸ਼ਨ ਦਾ ਉੱਤਰ ਦੇਣ ਲਈ ਇਨ੍ਹਾਂ ਰਚਨਾਂਵਾਂ ਦੇ ਮੇਲ ਅਤੇ ਵੱਖਰੇਪਨ ਦੀ ਤੁਲਨਾ ਕਰੋ । ਜਿਹੜੇ ਉੱਤਰਾਂ ਵਿੱਚ ਭਾਗ 3 ਵਿੱਚ ਪੜ੍ਹੀਆਂ ਹੋਈਆਂ ਘੱਟ ਤੋਂ ਘੱਟ ਦੋ ਰਚਨਾਂਵਾਂ ਤੇ ਵਿਚਾਰ ਵਟਾਂਦਰਾ **ਨਹੀਂ** ਕੀਤਾ ਗਿਆ ਹੋਵੇਗਾ ਉਨ੍ਹਾਂ ਨੂੰ ਜ਼ਿਆਦਾ ਅੰਕ **ਨਹੀਂ** ਮਿਲਣਗੇ ।*

**ਨਾਟਕ**

**1.** "ਨਾਇਕ ਅਤੇ ਖਲਨਾਇਕ ਕਿਸੇ ਵੀ ਨਾਟਕ ਦਾ ਧੁਰਾ ਹੁੰਦੇ ਹਨ ।" ਜਿਹੜੀਆਂ ਰਚਨਾਵਾਂ ਤੁਸੀਂ ਪੜ੍ਹੀਆਂ ਹਨ ਉਨ੍ਹਾਂ ਵਿੱਚੋਂ ਘੱਟ ਤੋਂ ਘੱਟ ਦੋ ਵਿੱਚ ਨਾਇਕ ਅਤੇ ਖਲਨਾਇਕ ਦੇ ਚਰਿੱਤਰ ਦੇ ਵਿਕਾਸ ਅਤੇ ਮਹੱਤਤਾ ਦੀ ਵਿਆਖਿਆ ਕਰੋ ।

**2.** ਜਿਹੜੇ ਵੀ ਨਾਟਕ ਤੁਸੀਂ ਪੜ੍ਹੇ ਹਨ ਉਨ੍ਹਾਂ ਵਿੱਚੋਂ ਘੱਟ ਤੋਂ ਘੱਟ ਦੋ ਨਾਟਕਾਂ ਦੇ ਆਧਾਰ ਤੇ ਇਸ ਗੱਲ ਦੀ ਤੁਲਨਾ ਕਰੋ ਕਿ ਨਾਟਕਕਾਰ ਨਾਟਕ ਦੇ ਸ਼ੁਰੂ ਵਿੱਚ ਨਾਟਕ ਦੇ ਪ੍ਰਸੰਗ ਤੇ ਚਾਨਣਾ ਕਿਵੇਂ ਪਾਉਂਦੇ ਹਨ ।

**3.** ਟਿੱਪਣੀ ਕਰੋ ਕਿ ਜਿਹੜੇ ਵੀ ਦੋ ਨਾਟਕ ਤੁਸੀਂ ਪੜ੍ਹੇ ਹਨ ਉਨ੍ਹਾਂ ਵਿੱਚ ਨਾਟਕਕਾਰ ਕਿਸ ਤਰ੍ਹਾਂ ਨਾਲ ਚਿੱਤਰਸ਼ੀਲ ਬੋਲੀ ਦੀ ਵਰਤੋਂ ਕਰਕੇ ਪਾਤਰਾਂ ਦੇ ਰਿਸ਼ਤਿਆਂ ਵਿੱਚ ਡੂੰਘਾਈ ਪੈਦਾ ਕਰਦੇ ਹਨ ।

**ਕਵਿਤਾ**

**4.** "ਕਵਿਤਾ ਅਜਿਹੀ ਰਚਨਾ ਹੋਈ ਚਾਹੀਦੀ ਹੈ ਜਿਸ ਨੂੰ ਸੁਣਕੇ, ਛੋਅ ਕੇ, ਸੁੰਘ ਕੇ ਅਤੇ ਉਸ ਦਾ ਸੁਆਦ ਮਾਣਕੇ ਮਹਿਸੂਸ ਕੀਤਾ ਜਾਵੇ ।" ਘੱਟ ਤੋਂ ਘੱਟ ਜਿਹੜੇ ਵੀ ਦੋ ਕਵੀਆਂ ਦੀਆਂ ਰਚਨਾਵਾਂ ਤੁਸੀਂ ਪੜ੍ਹੀਆਂ ਹਨ ਵਿਆਖਿਆ ਕਰੋ ਕਿ ਇਹ ਕਵਿਤਾਵਾਂ ਕਿੱਥੋਂ ਤੱਕ ਪਾਠਕਾਂ ਦੀਆਂ ਭਾਵਾਤਮਕ ਲੋੜਾਂ ਦੀ ਪੂਰਤੀ ਕਰਦੀਆਂ ਹਨ ।

**5.** "ਕਵਿਤਾ ਦੀ ਆਖਰੀ ਲਾਈਨ ਹਮੇਸ਼ਾ ਤੁਹਾਡੇ ਨਾਲ ਹੀ ਰਹਿਣੀ ਚਾਹੀਦੀ ਹੈ ।" ਜਿਹੜੀਆਂ ਵੀ ਕਵਿਤਾਵਾਂ ਤੁਸੀਂ ਪੜ੍ਹੀਆਂ ਹਨ ਹਨ ਉਨ੍ਹਾਂ ਵਿੱਚੋ ੇਘੱਟ ਤੋਂ ਘੱਟ ਦੋ ਕਵੀਆਂ ਦੀਆਂ ਕਵਿਤਾਵਾਂ ਬਾਰੇ ਦੱਸਦੇ ਹੋਏ ਵਿਚਾਰ ਵਟਾਂਦਰਾ ਕਰੋ ਕਿ ਕਵੀਆਂ ਨੇ ਆਪਣੀਆਂ ਕਵਿਤਾਵਾਂ ਦਾ ਕਿਸ ਤਰ੍ਹਾਂ ਨਾਲ ਅਰਥ ਭਰਪੂਰ ਅੰਤ ਕੀਤਾ ਹੈ ।

**6.** ਜਿਹੜੀਆਂ ਵੀ ਕਵਿਤਾਵਾਂ ਤੁਸੀਂ ਪੜ੍ਹੀਆਂ ਹਨ ਉਨ੍ਹਾਂ ਵਿੱਚੋਂ ਘੱਟ ਤੋਂ ਘੱਟ ਦੋ ਕਵੀਆਂ ਨੇ ਪਾਠਕਾਂ ਦਾ ਧਿਆਨ ਖਿੱਚਣ ਲਈ ਪ੍ਰਤੀਕਵਾਦ ਦੀ ਵਰਤੋਂ ਕਿਵੇਂ ਕੀਤੀ ਹੈ ?

## ਵਾਰਤਕ - ਕਲਪਿਤ

7. "ਜਿਸ ਢੰਗ ਨਾਲ ਲੇਖਕ ਆਪਣੇ ਵਿਸ਼ੇ ਵਸਤੂ ਨੂੰ ਪੇਸ਼ ਕਰਦੇ ਹਨ ਉਸ ਦਾ ਅਸਰ ਪਾਠਕ ਤੇ ਰਚਨਾ ਦਾ ਭਾਵ ਸਮਝਣ ਲਈ ਜ਼ਰੂਰ ਪੈਂਦਾ ਹੈ।" ਜਿਹੜੀਆਂ ਵੀ ਰਚਨਾਵਾਂ ਤੁਸੀਂ ਪੜ੍ਹੀਆਂ ਹਨ ਉਨ੍ਹਾਂ ਵਿੱਚੋਂ ਘੱਟ ਤੋਂ ਘੱਟ ਦੋ ਲੇਖਕਾਂ ਦੇ ਵਿਸ਼ਾ ਵਸਤੂ ਪੇਸ਼ ਕਰਨ ਦੇ ਢੰਗਾਂ ਦੀ ਤੁਲਨਾ ਕਰੋ।

8. ਇਸ ਗੱਲ ਤੇ ਚਾਨਣਾ ਪਾਓ ਕਿ ਜਿਹੜੀਆਂ ਵੀ ਕਲਪਿਤ ਰਚਨਾਵਾਂ ਤੁਸੀਂ ਪੜ੍ਹੀਆਂ ਹਨ ਉਨ੍ਹਾਂ ਵਿੱਚੋਂ ਘੱਟ ਤੋਂ ਘੱਟ ਦੋ ਰਚਨਾਵਾਂ ਵਿੱਚ ਲੇਖਕਾਂ ਨੇ ਪਾਤਰਾਂ ਦੇ ਚਰਿੱਤਰ ਦੀ ਉਸਾਰੀ ਲਈ ਬੋਲੀ ਦੀ ਵਰਤੋਂ ਕਿਵੇਂ ਕੀਤੀ ਹੈ।

9. "ਲੇਖਕ ਸ਼ਬਦਾਂ ਨਾਲ ਤਸਵੀਰ ਬਣਾ ਕੇ ਦਿਖਾ ਦਿੰਦੇ ਹਨ।" ਜਿਹੜੀਆਂ ਵੀ ਰਚਨਾਵਾਂ ਤੁਸੀਂ ਪੜ੍ਹੀਆਂ ਹਨ ਉਨ੍ਹਾਂ ਵਿੱਚੋਂ ਘੱਟ ਤੋਂ ਘੱਟ ਦੋ ਕਲਪਿਤ ਰਚਨਾਵਾਂ ਦੇ ਸਬੰਧ ਵਿੱਚ ਇਹ ਕਥਨ ਕਿੱਥੋਂ ਤੱਕ ਢੁਕਵਾਂ ਹੈ?

## ਵਾਰਤਕ - ਅਣ-ਕਲਪਿਤ

10. ਜਿਹੜੀਆਂ ਵੀ ਅਣ-ਕਲਪਿਤ ਤੋਂ ਤੁਸੀਂ ਪੜ੍ਹੀਆਂ ਹਨ ਉਨ੍ਹਾਂ ਵਿੱਚੋਂ ਘੱਟ ਤੋਂ ਘੱਟ ਦੋ ਰਚਨਾਵਾਂ ਵਿੱਚ ਲੇਖਕਾਂ ਨੇ ਸਮਾਜਿਕ ਮਸਲੇ ਕਿਵੇਂ ਪੇਸ਼ ਕੀਤੇ ਹਨ?

11. ਜਿਹੜੀਆਂ ਵੀ ਘੱਟ ਤੋਂ ਘੱਟ ਦੋ ਅਣ-ਕਲਪਿਤ ਰਚਨਾਵਾਂ ਤੁਸੀਂ ਪੜ੍ਹੀਆਂ ਹਨ ਉਨ੍ਹਾਂ ਵਿੱਚ ਇਸ ਗੱਲ ਦੀ ਤੁਲਨਾ ਕਰੋ ਕਿ ਲੇਖਕਾਂ ਨੇ ਪਾਠਕਾਂ ਦਾ ਧਿਆਨ ਖਿੱਚਣ ਲਈ ਹਾਸੇ ਮਖੌਲ ਵਾਲੀਆਂ ਗੱਲਾਂ ਦੀ ਵਰਤੋਂ ਕਿਵੇਂ ਕੀਤੀ ਹੈ।

12. ਜਿਹੜੀਆਂ ਵੀ ਤੋਂ ਤੁਸੀਂ ਪੜ੍ਹੀਆਂ ਹਨ ਉਨ੍ਹਾਂ ਵਿੱਚੋਂਘੱਟ ਤੋਂ ਘੱਟ ਦੋ ਰਚਨਾਵਾਂ ਵਿੱਚ ਲੇਖਕ ਆਪਣੀਆਂ ਅਣ-ਕਲਪਿਤ ਰਚਨਾਵਾਂ ਵਿੱਚ ਵਿਸ਼ੇ ਵਸਤੂ ਦਾ ਵਿਕਾਸ ਕਰਨ ਲਈ ਉਪਮਾ ਦੀ ਵਰਤੋਂ ਕਿਵੇਂ ਕਰਦੇ ਹਨ।